**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਮੈਨੇਜਰ, ਮਿੱਡ-ਡੇ-ਮੀਲ
3. ਰਾਜ ਦੇ ਸਮੂਹ ਜ਼ਿਲ੍ਹਾ ਕੋਆਰਡੀਨੇਟਰ ਮਿੱਡ ਡੇ ਮੀਲ
4. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈੱਬਸਾਈਟ ਰਾਹੀਂ)

ਮੀਮੋ ਨੰ ਐਮਡੀਐਮਸੀ/ਜੀਐਮ/8948-9027
ਮਿਤੀ ਚੰਡੀਗੜ੍ਹ 6 ਦਸੰਬਰ, 2010

**ਵਿਸ਼ਾ ਸਕੂਲਾਂ ਵਿੱਚ ਰੋਜਾਨਾਂ ਮਿੱਡ-ਡੇ-ਮੀਲ ਦੇਣ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸਮੇ ਸਮੇ ਤੇ ਭੇਜੇ ਗਏ ਪੱਤਰ, ਜਿਨ੍ਹਾਂ ਦਾ ਵੇਰਵਾ ਮਾਰਜਿਨ ਵਿੱਚ ਦਿੱਤਾ ਹੋਇਆ ਹੈ, ਵੱਲ ਦੇਣ ਦੀ ਖੇਚਲ ਕੀਤੀ ਜਾਵੇ ।

2.0 ਇਹ ਆਮ ਵੇਖਣ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਕਈ ਕਈ ਦਿਨ ਵਿਦਿਆਰਥੀਆਂ ਨੂੰ ਮਿੱਡ ਡੇ ਮੀਲ ਸਰਕਾਰ ਦੀਆ ਹਦਾਇਤਾਂ ਅਨੁਸਾਰ ਨਹੀਂ ਦਿੱਤਾ ਜਾਂਦਾ । ਕਈ ਵਾਰੀ ਮਿੱਡ ਡੇ ਮੀਲ ਨਾ ਦੇਣ ਦਾ ਕਾਰਨ ਅਨਾਜ ਜਾਂ ਕੂਕਿੰਗ ਕਾਸਟ ਦੇ ਪੈਸਿਆਂ ਦਾ ਨਾ ਹੋਣਾ ਦੱਸਿਆ ਜਾਂਦਾ ਹੈ, ਜਦੋਂ ਕਿ ਮੁੱਖ ਦਫਤਰ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰਾਂ ਤੋਂ ਇਹ ਸੂਚਨਾ ਹਰ ਮਹੀਨੇ ਮੰਗਵਾਈ ਜਾਂਦੀ ਹੈ । ਇਸ ਸਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਇਹ ਸਕੂਲਾਂ ਨੂੰ ਪਹਿਲਾਂ ਹੀ ਭੇਜ ਦਿੱਤਾ ਜਾਵੇ । ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀ ਕੋਈ ਨਾ ਕੋਈ ਬਹਾਨਾ ਲਗਾ ਦਿੰਦੇ ਹਨ ।

3.0 ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਦਫਤਰ ਵਿੱਚ ਮੁੜ ਵਿਚਾਰਿਆ ਗਿਆ ਹੈ ਅਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਸਕੂਲਾਂ ਵਿੱਚ ਮਿੱਡ-ਡੇ-ਮੀਲ ਕਿਸੇ ਵੀ ਹਾਲਤ ਵਿੱਚ ਬੰਦ ਨਹੀਂ ਹੋਣਾ ਚਾਹੀਦਾ ਹੈ । ਇਸ ਨੂੰ ਸੁਨਿਸ਼ਚਿਤ ਕਰਨ ਦੀ ਜਿੰਮੇਵਾਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)/(ਸੈ.ਸਿ.) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਬਣਦੀ ਹੈ । ਜੇਕਰ ਕਿਸੇ ਸਕੂਲ ਵਿੱਚ ਕਿਸੀ ਵੀ ਵਜ੍ਹਾ ਕਰਕੇ ਮਿੱਡ ਡੇ ਮੀਲ ਦੇਣ ਵਿੱਚ ਕੋਈ ਔਕੜ ਆ ਰਹੀਂ ਹੋਵੇ ਤਾਂ ਸਕੂਲ ਮੁੱਖੀ ਜਾਂ ਕਿਸੀ ਹੋਰ ਕਰਮਚਾਰੀ ਰਾਹੀਂ ਜੀ.ਐਮ.(ਮਿੱਡ ਡੇ ਮੀਲ) ਨੂੰ ਟੈਲੀਫੋਨ ਨੰ 98880 32270 ਤੇ ਸੂਚਿਤ ਕੀਤਾ ਜਾਵੇ ।

ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ